ISSN 2278-5167
www.shabaduk.co.uk

ਸ਼ਬਦ 103

ਮੁੱਲ 50 ਰੁਪਏ



Title By : Gurpreet

ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

SHABAD is an International Quarterly of Literature, Art and Culture

ਸ਼ਬਦ

ਸਾਲ : 26 **ਅੰਕ ਨੰ. : 103** **ਜੁਲਾਈ-ਸਤੰਬਰ, 2023**

ISSN 2278-5167

Website : www.shabaduk.co.uk

ਮੁੱਖ ਸੰਪਾਦਕ

ਹਰਜੀਤ ਅਟਵਾਲ

67, Hillside Road, Southall, Middlesex , England. UB1 2PE

Ph. : 020-85780393 Mobile : 07782-265726

e mail: harjeetatwal@yahoo.co.uk, harjeetatwal@hotmail.co.uk

ਸੰਪਾਦਕ

ਜਿੰਦਰ

984, Near Surinder Welding Works, Rajput Nagar,
Model House, Jalandhar-144003

Mobile : 98148 03254

Email : jinder340@gmail.com

ਉਪ ਸੰਪਾਦਕ

ਹਰਮਹਿੰਦਰ ਚਹਿਲ

7305, Sterling Grove Dr., Springfield VA 22150 U.S.A.

Ph. 001-703-362-3239

Email : Chahals57@Yahoo.com

ਰਵੀ ਸ਼ੇਰਗਿੱਲ

8042, Prairie Hawk Viay, Secrarete CA 95829 U.S.A.

Ph. 001-916-753-2868

Email : drgilldvm@Yahoo.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

ਵਿਸ਼ੇਸ਼ ਨੋਟ : ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।

ਚੰਦਾ : 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,

ਲਾਈਫ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿੱਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

ਤਤਕਰਾ

1. ਸੰਪਾਦਕੀ/3
2. ਇੰਟਰਵੀਊ :
    ਤਕਨੀਕ ਬਿਨਾਂ ਮੁੱਦਾ ਕੁੱਝ ਵੀ ਨਹੀਂ ਹੁੰਦਾ,
    ਅਸਲ ਸ਼ੈ ਕਹਾਣੀ ਪਾਣਾ ਏ– ਜ਼ੁਬੈਰ ਅਹਿਮਦ
    ਮੁਲਾਕਾਤ: ਖ਼ਾਲਿਦ ਫ਼ਰਹਾਦ ਧਾਰੀਵਾਲ/5
3. ਇਨਾਮ ਮਿਲਦੇ ਨਹੀਂ ਹਾਸਲ ਕੀਤੇ
    ਜਾਂਦੇ ਹਨ: ਗੁਰਤੇਜ ਕੋਹਾਰਵਾਲਾ–ਮੁਲਾਕਾਤ : ਗੁਰਪ੍ਰੀਤ/19
3. ਬੰਗਲਾ ਕਹਾਣੀ/ਸਮਰੇਸ਼ ਬਾਸੂ/27
4. ਹਿੰਦੀ ਕਹਾਣੀਆਂ :
    ਬਿਲਕੁਲ ਨੰਗਾ/ਪ੍ਰਿਯਵੰਦ/34
    ਬੀਆਬਾਨ/ਰਾਜੇਂਦਰ ਲਹਿਰੀਆ/49
    ਇਕ ਨਕਸ਼ਾ, ਇਕ ਸੁਪਨਾ ਤੇ ਕੁੱਝ ਤਿਤਲੀਆਂ/ਉਮਾਸ਼ੰਕਰ ਚੌਧਰੀ/69
5. ਪੰਜਾਬੀ ਕਹਾਣੀਆਂ :
    ਵੱਟਾ/ਤੌਕੀਰ ਚੁਗ਼ਤਾਈ/100
    ਤਾਂ ਬੇਬੇ ਦਾ ਹੁਣ ਕੋਈ ਨਹੀਂ/ਰਵੀ ਸ਼ੇਰਗਿੱਲ/105
6. ਗ਼ਜ਼ਲਾਂ ਅਜੈ ਤਨਵੀਰ/118–119
7. ਵਾਹਿਦ ਦੀਆਂ ਦੋ ਗ਼ਜ਼ਲਾਂ/120
6. ਸ਼ਿਵ ਸੂੰਹ ਜ਼ਿੰਦਾਬਾਦ/ਹਰਜੀਤ ਅਟਵਾਲ/121
7. ਪੰਜਾਬੀ ਨਾਵਲ: ਦ੍ਰਿਸ਼ਟਾਂਤਕ ਗਲਪ ਤੋਂ
    ਪ੍ਰਤਿਰੂਪਕ ਗਲਪ ਤੱਕ/ਨਵਪ੍ਰੀਤ ਕੌਰ/128

ਮੇਰਾ ਪੰਨਾ

ਕਿਸੇ ਸਾਹਿਤਕ ਪਰਚੇ ਦਾ ਸੰਪਾਦਕ ਹੋਣਾ ਵੀ ਨਾ-ਸ਼ੁਕਰੀਆ ਜਿਹਾ ਸ਼ੌਂਕ ਹੈ। ਜਿਸ ਦੀ ਰਚਨਾ ਨਾ ਛਾਪੋ ਜਾਂ ਜਿਸ ਬਾਰੇ ਲਿਖਿਆ ਲੇਖ ਨਾ ਛਾਪਿਆ ਜਾਵੇ ਉਹੋ ਗਲ਼ ਪੈਣ ਨੂੰ ਫਿਰਦਾ ਹੈ। ਪਰ ਇਥੇ ਅਸੀਂ ਗੱਲ ਕਰਨੀ ਹੈ ਕਿ ਸੰਪਾਦਕਾਂ ਜਾਂ ਸਾਹਿਤਕ ਮੈਗਜ਼ੀਨਾਂ ਨੂੰ ਕਿੰਨਾ ਕੁ ਯਾਦ ਰੱਖਿਆ ਜਾਂਦਾ ਹੈ। 'ਪ੍ਰੀਤਲੜੀ' ਲਈ ਗੁਰਬਖ਼ਸ਼ ਸਿੰਘ, 'ਆਰਸੀ' ਲਈ ਭਾਪਾ ਪ੍ਰੀਤਮ ਸਿੰਘ, 'ਨਾਗਮਣੀ' ਲਈ ਅੰਮ੍ਰਿਤਾ ਪ੍ਰੀਤਮ ਵਰਗੇ ਬਹੁਤ ਥੋੜ੍ਹੇ ਸੰਪਾਦਕ ਹਨ ਜਿਹਨਾਂ ਨੂੰ ਮੈਗਜ਼ੀਨ ਬੰਦ ਹੋਣ ਤੋਂ ਬਾਅਦ ਜਾਂ ਉਹਨਾਂ ਦੀ ਹਿਆਤੀ ਤੋਂ ਬਾਅਦ ਵੀ ਕਦੇ ਕਦਾਈ ਚੇਤੇ ਕਰ ਲਿਆ ਜਾਂਦਾ ਹੈ, ਨਹੀਂ ਤਾਂ ਬਹੁਤੇ ਸੰਪਾਦਕ ਇਕਦਮ ਗੁੰਮ ਹੋ ਜਾਂਦੇ ਨੇ। ਜਿੰਨਾ ਚਿਰ ਕਿਸੇ ਲੇਖਕ ਨੇ ਛਪਣਾ ਹੋਵੇ ਤਾਂ ਸੰਪਾਦਕ ਨੂੰ ਯਾਦ ਰੱਖਦਾ ਹੈ ਪਰ ਜਦੋਂ ਮੈਗਜ਼ੀਨ ਬੰਦ ਹੋ ਜਾਵੇ ਜਾਂ ਸੰਪਾਦਕ ਇਸ ਜਹਾਨ ਤੋਂ ਤੁਰ ਜਾਵੇ ਤਾਂ ਉਸ ਇਕਦਮ ਭੁਲਾ ਦਿੱਤਾ ਜਾਂਦਾ ਹੈ। ਉਸ ਦਾ ਜ਼ਿਕਰ ਵੀ ਨਹੀਂ ਕੀਤਾ ਜਾਂਦਾ। ਯਾਦਾਂ ਵਿੱਚ ਜਲੰਧਰ ਤੋਂ ਛਪਦੇ ਦੋ ਪਰਚਿਆਂ ਦੇ ਨਾਂ ਤੈਰ ਰਹੇ ਨੇ, ਇੱਕ 'ਸਮਰਾਟ' ਤੇ ਦੂਜਾ 'ਹਾਣੀ'। ਉਹਨਾਂ ਦਾ ਪੱਧਰ ਕੁੱਝ ਵੀ ਹੋਵੇ ਪਰ ਨਵੇਂ ਲੇਖਕਾਂ ਨੂੰ ਭਰਪੂਰ ਜਗ੍ਹਾ ਦਿੰਦੇ ਸਨ। ਅੱਜ ਦੇ ਬਹੁਤੇ ਮਹਾਂਰਥੀ ਕਹਾਣੀਕਾਰ ਇਹਨਾਂ ਪਰਚਿਆਂ ਵਿੱਚ ਛਪਦੇ ਰਹੇ ਨੇ। ਇਹਨਾਂ ਦੋਵਾਂ ਮੈਗਜ਼ੀਨਾਂ ਦੇ ਸੰਪਾਦਕਾਂ ਨੂੰ ਕਿਸੇ ਨੇ ਚੇਤੇ ਤਾਂ ਕੀ ਕਰਨਾ ਇਹਨਾਂ ਦੇ ਨਾਂ ਵੀ ਸ਼ਾਇਦ ਹੀ ਕਿਸੇ ਨੂੰ ਪਤਾ ਹੋਣ। ਅਜਿਹਾ ਹੀ ਇੱਕ ਮੈਗਜ਼ੀਨ 'ਕੰਵਲ' ਵੀ ਹੁੰਦਾ ਸੀ ਜਿਹੜਾ ਅੰਮ੍ਰਿਤਸਰ ਤੋਂ ਛਪਦਾ ਸੀ ਜਿਸ ਦੀ ਸੰਪਾਦਕਾ ਦਾ ਨਾਂ ਅਨਵੰਤ ਕੌਰ ਸੀ ਪਰ ਉਸ ਦਾ ਜ਼ਿਕਰ ਕਦੇ ਵੀ ਕਿਸੇ ਮਹਫਿਲ, ਲੇਖ ਜਾਂ ਖ਼ਬਰ ਵਿੱਚ ਨਹੀਂ ਸੁਣਿਆਂ/ਪੜ੍ਹਿਆ, ਹਾਲਾਂਕਿ ਅਨਵੰਤ ਕੌਰ ਕਹਾਣੀਕਾਰਾ ਵੀ ਸੀ। ਇਵੇਂ ਹੀ 'ਸੰਪਰਕ' ਦਰਸ਼ਨ ਸਿੰਘ ਵੱਲੋਂ ਛਾਇਆ ਕੀਤਾ ਜਾਂਦਾ ਸੀ। ਉਹਦਾ ਵੀ ਕਿਸੇ ਨੂੰ ਨਹੀਂ ਪਤਾ। ਇਹ ਆਪਣੇ ਵੇਲੇ ਦੇ ਘਟ-ਚਰਚਿੱਤ ਮੈਗਜ਼ੀਨ ਸਨ ਪਰ 'ਹੇਮ-ਜਯੋਤੀ' ਕਿਸੇ ਵੇਲੇ ਪੰਜਾਬੀ ਦਾ ਨੰਬਰ ਇੱਕ ਮੰਨਿਆਂ ਜਾਂਦਾ ਸਾਹਿਤਕ ਪਰਚਾ ਸੀ। ਇਸ ਵਿੱਚ ਛਪਣਾ ਹਰ ਲੇਖਕ ਆਪਣਾ ਫਖ਼ਰ ਸਮਝਦਾ ਸੀ। ਇਸ ਦਾ ਸੰਪਾਦਕ ਸੁਰਿੰਦਰ ਸੀ ਪਰ ਅੱਜ ਇਸ ਨਾਂ ਬਾਰੇ ਕਿਸੇ ਲੇਖਕ ਨੂੰ ਕੁੱਝ ਨਹੀਂ ਪਤਾ। 'ਹੇਮ-ਜਯੋਤੀ' ਦਾ ਵੀ ਕਿਤੇ ਜ਼ਿਕਰ ਨਹੀਂ ਸੁਣਨ ਨੂੰ ਮਿਲਦਾ। ਤੀਜੀ ਪੀੜੀ ਦੇ ਕਹਾਣੀਕਾਰਾਂ ਵਿੱਚੋਂ ਕੋਈ ਕੋਈ ਇਸ ਬਾਰੇ ਜਾਣਦਾ ਹੋਵੇਗਾ ਪਰ ਚੌਥੀ ਪੀੜੀ ਦੇ ਕਹਾਣੀਕਾਰਾਂ ਲਈ ਸੰਪਾਦਕ ਸੁਰਿੰਦਰ ਜਾਂ 'ਹੇਮ-ਜਯੋਤੀ' ਦਾ ਨਾਂ ਬਹੁਤ ਓਪਰਾ ਹੋਵੇਗਾ। ਗੁਰਸ਼ਰਨ ਸਿੰਘ ਦਾ 'ਸਰਦਲ' ਵੀ ਕਿਸੇ ਵੇਲੇ ਉਚ-ਪਾਏ ਦਾ ਸਾਹਿਤਕ ਮੈਗਜ਼ੀਨ ਹੁੰਦਾ ਸੀ। ਉਸ ਬਾਰੇ ਵੀ ਕਦੇ ਕੋਈ ਗੱਲ ਨਹੀਂ ਕਰਦਾ। ਗੁਰਸ਼ਰਨ ਸਿੰਘ ਦੇ ਨਾਟਕਾਂ ਨੂੰ ਅੱਜ ਵੀ ਚੇਤੇ ਕੀਤਾ ਜਾਂਦਾ ਹੈ ਪਰ 'ਸਰਦਲ' ਦਾ ਜ਼ਿਕਰ ਕਿਤੇ ਨਹੀਂ ਸੁਣਾਈ ਦਿੰਦਾ। 'ਸਰਦਲ' ਨੇ ਵੀ ਨਵੇਂ ਲੇਖਕਾਂ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ। ਅੰਮ੍ਰਿਤਸਰ ਤੋਂ 'ਲੋਅ' ਨਾਂ ਦਾ ਮੈਗਜ਼ੀਨ ਕਈ ਸਾਲ ਨਿਕਲਦਾ ਰਿਹਾ ਤੇ ਇਸ ਨੇ ਆਪਣੀ ਵਾਹਵਾ ਨਾਂ-ਥਾਂ ਬਣਾਈ ਸੀ। ਨਵੇਂ ਪੁਰਾਣੇ ਸਾਰੇ ਹੀ ਲੇਖਕਾਂ ਨੂੰ ਛਾਪਿਆ ਪਰ ਅੱਜ 'ਲੋਅ' ਦੀ ਜਾਂ ਇਸ ਦੇ ਸੰਪਾਦਕ ਅਮਰੀਕ ਅਮਨ ਦੀ ਕੋਈ ਗੱਲ ਨਹੀਂ ਕਰਦਾ। ਐਦਾਂ ਹੀ ਇੱਕ ਮੈਗਜ਼ੀਨ ਹੋਇਆ ਕਰਦਾ ਸੀ, 'ਕੌਮੀ ਏਕਤਾ', ਜਿਸ ਦਾ ਸੰਪਾਦਕ ਰਜਿੰਦਰ ਸਿੰਘ ਹੁੰਦਾ ਸੀ, ਭਾਵੇਂ ਇਹ ਮੈਗਜ਼ੀਨ ਮੁੱਖ ਤੌਰ 'ਤੇ ਕਲਚਰ ਤੇ ਰਾਜਨੀਤੀ ਨੂੰ ਆਪਣੇ ਕਲ਼ਾਵੇ ਵਿੱਚ ਲੈਂਦਾ ਸੀ ਪਰ ਕਹਾਣੀਆਂ, ਕਵਿਤਾਵਾਂ ਤੇ ਕਿਤਾਬਾਂ ਦੇ ਰੀਵਿਊ ਵੀ ਛਪਦੇ ਸਨ। ਕਿਸੇ ਵੇਲੇ ਇਹ ਮੈਗਜ਼ੀਨ ਹਰ ਪੰਜਾਬੀ ਘਰ ਦਾ ਸ਼ਿੰਗਾਰ ਹੋਇਆ ਕਰਦਾ ਸੀ। ਹੁਣ ਕਈ ਸਾਲ ਹੋ ਗਏ ਇਸ ਪਰਚੇ ਨੂੰ ਬੰਦ ਹੋਇਆਂ ਪਰ ਕਿਸੇ ਵੀ ਲੇਖਕ ਜਾਂ ਸਾਹਿਤਕ ਅਦਾਰੇ ਨੇ

ਰਜਿੰਦਰ ਸਿੰਘ ਜਾਂ 'ਕੌਮੀ ਏਕਤਾ' ਦੀ ਗੱਲ ਨਹੀਂ ਕੀਤੀ। ਦਿੱਲੀ ਤੋਂ 'ਪ੍ਰੇਰਨਾ' ਨਾਂ ਦਾ ਨਿਰੋਲ ਸਾਹਿਤਕ ਮੈਗਜ਼ੀਨ ਨਿਕਲਿਆ ਕਰਦਾ ਸੀ। ਇਸ ਦਾ ਸੰਪਾਦਕ ਮਹਿੰਦਰ ਸਿੰਘ ਲੂਥਰਾ ਸੀ। ਇਸ ਮੈਗਜ਼ੀਨ ਦੀ ਖਾਸ ਪੱਛਾਣ ਹੋਇਆ ਕਰਦੀ ਸੀ। ਮਹਿੰਦਰ ਸਿੰਘ ਲੂਥਰਾ ਦੀ ਅਚਾਨਕ ਮੌਤ ਹੋ ਜਾਣ ਕਾਰਨ ਇਹ ਮੈਗਜ਼ੀਨ ਬੰਦ ਹੋ ਗਿਆ ਪਰ ਉਸ ਤੋਂ ਬਾਅਦ ਕਿਸੇ ਨੇ ਵੀ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ। ਦਿੱਲੀ ਦਾ ਇੱਕ ਹੋਰ ਮਹੱਤਵਪੂਰਨ ਤੇ ਖੂਬਸੂਰਤ ਮੈਗਜ਼ੀਨ 'ਅਕਸ' ਸੀ। ਇਸ ਦਾ ਸੰਪਾਦਕ ਅਮਰਜੀਤ ਸਿੰਘ ਇਸ ਮੈਗਜ਼ੀਨ ਲਈ ਇੰਨਾ ਸਮਰਪਤ ਸੀ ਕਿ ਉਸ ਨੇ ਮੈਗਜ਼ੀਨ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾ ਲਿਆ ਹੋਇਆ ਸੀ। ਅਮਰਜੀਤ ਸਿੰਘ ਲੇਖਕਾਂ ਨੂੰ ਲੱਭ ਲੱਭ ਕੇ ਆਪਣੇ ਮੈਗਜ਼ੀਨ ਵਿੱਚ ਛਾਪਿਆ ਕਰਦਾ ਸੀ। ਅਮਰਜੀਤ ਸਿੰਘ ਆਪ ਵੀ ਲੇਖਕ ਸੀ ਤੇ ਉਸ ਨੂੰ ਕਹਾਣੀ ਦੀ ਵਾਹਵਾ ਸਮਝ ਸੀ। ਵੈਸੇ ਤਾਂ ਬਹੁਤੇ ਸੰਪਾਦਕ ਲੇਖਕ ਵੀ ਹੋਇਆ ਕਰਦੇ ਨੇ। ਅਮਰਜੀਤ ਸਿੰਘ ਔਰਤਾਂ ਲਈ ਵੀ ਇੱਕ ਪਰਚਾ 'ਸੁਆਣੀ' ਵੀ ਕੱਢਣਾ ਹੁੰਦਾ ਸੀ। ਉਸ ਦੇ ਤੁਰ ਜਾਣ ਦੇ ਨਾਲ ਹੀ ਉਸ ਦੇ ਪਰਚੇ ਵੀ ਬੰਦ ਹੋ ਗਏ। ਵਿਦੇਸ਼ਾਂ ਤੋਂ ਵੀ ਪੰਜਾਬੀ ਦੇ ਕਈ ਪਰਚੇ ਨਿਕਲਦੇ ਰਹੇ ਨੇ। ਕਨੇਡਾ ਤੋਂ ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ ਤੇ ਹੋਰ ਕੁਝ ਦੋਸਤਾਂ ਦੀਆਂ ਕੋਸ਼ਿਸ਼ਾਂ ਨਾਲ 'ਵਤਨੋਂ ਦੂਰ' ਜਾਂ 'ਵਤਨ' ਮੈਗਜ਼ੀਨ ਨਿਕਲਦਾ ਰਿਹਾ ਹੈ ਜਿਸ ਦਾ ਹੁਣ ਕਦੇ ਕੋਈ ਜ਼ਿਕਰ ਸੁਣਨ ਲਈ ਨਹੀਂ ਮਿਲਦਾ। ਕੈਨੇਡਾ ਤੋਂ ਬਲਬੀਰ ਕੌਰ ਸੰਘੇੜਾ 'ਆਰ-ਪਾਰ' ਕੱਢਦੀ ਰਹੀ ਹੈ। ਯੂਕੇ ਵਿੱਚੋਂ ਵੀ ਸਮੇਂ ਸਮੇਂ ਕਈ ਮੈਗਜ਼ੀਨ ਨਿਕਲਦੇ ਰਹੇ ਨੇ। 'ਪ੍ਰਦੇਸਣ' ਨਿਰੋਲ ਸਾਹਿਤਕ ਮੈਗਜ਼ੀਨ ਸੀ, ਇਸ ਦਾ ਸੰਪਾਦਕ ਮਿਸਟਰ ਬੇਦੀ ਹੋਇਆ ਕਰਦਾ ਸੀ ਜੋ ਨਵੇਂ ਪੁਰਾਣੇ ਸਾਰੇ ਲੇਖਕਾਂ ਨੂੰ ਛਾਪਦਾ ਸੀ। ਡਿਗਦੀ ਸਿਹਤ ਕਾਰਨ ਬੇਦੀ ਨੂੰ ਮੈਗਜ਼ੀਨ ਬੰਦ ਕਰਨਾ ਪਿਆ ਸੀ। ਉਸ ਤੋਂ ਬਾਅਦ ਬੇਦੀ ਦਾ ਜਾਂ 'ਪ੍ਰਦੇਸਣ' ਦਾ ਕਿਸੇ ਨੇ ਜ਼ਿਕਰ ਨਹੀਂ ਕੀਤਾ। ਐਦਾਂ ਹੀ ਲੰਡਨ ਤੋਂ ਛਪਦੇ 'ਦੇਸ ਪਰਦੇਸ' ਮੈਗਜ਼ੀਨ ਦੇ ਸੰਪਾਦਕ ਤਰਸੇਮ ਪੁਰੇਵਾਲ ਨੇ ਲੇਖਕਾਂ ਨੂੰ ਬਹੁਤ ਉਤਸ਼ਾਹ ਦਿੱਤਾ ਸਗੋਂ ਕਈ ਲੇਖਕਾਂ ਨੂੰ ਸਥਾਪਤ ਵੀ ਕੀਤਾ ਪਰ ਮੌਤ ਤੋਂ ਬਾਅਦ ਤਰਸੇਮ ਪੁਰੇਵਾਲ ਦੇ ਕਾਇਮ ਕੀਤੇ ਲੇਖਕਾਂ ਨੇ ਵੀ ਉਸ ਦਾ ਨਾਂ ਤੱਕ ਨਹੀਂ ਲਿਆ। ਡਾ. ਸਵਰਨ ਚੰਦਨ ਨੇ 'ਸਾਹਿਤਕ ਸੂਰਜ' ਨਾਂ ਦਾ ਮੈਗਜ਼ੀਨ ਸ਼ੁਰੂ ਕੀਤਾ ਸੀ। ਉਸ ਦੇ ਬਹੁਤ ਸਾਰੇ ਅੰਕ ਨਿਕਲੇ। ਸਥਾਪਤ ਤੇ ਨਵੇਂ ਲੇਖਕਾਂ ਨੂੰ ਉਸ ਨੇ ਛਾਪਿਆ ਪਰ ਇਸ ਮੈਗਜ਼ੀਨ ਦੀ ਕਦੇ ਗੱਲ ਨਹੀਂ ਹੋਈ ਤੇ ਨਾ ਹੀ ਸਵਰਨ ਚੰਦਨ ਦੀ ਸੰਪਾਦਕ ਵਜੋਂ। ਅੱਜ ਦਾ ਮੈਗਜ਼ੀਨ 'ਪ੍ਰਵਚਨ' ਅਸਲ ਵਿੱਚ ਡਾ. ਸਵਰਨ ਚੰਦਨ ਦੀ ਹੀ ਪੌਦ ਹੈ। ਉਸ ਦਾ ਹੀ ਆਈਡੀਆ ਸੀ ਤੇ ਉਸ ਦੇ ਹੀ ਪੈਸੇ ਸਨ ਇਹ ਮੈਗਜ਼ੀਨ ਸ਼ੁਰੂ ਕਰਨ ਲਈ, ਉਹ ਹੀ ਮੋਢੀ ਸੰਪਾਦਕ ਸੀ। ਪਰ ਕੁੱਝ ਦੇਰ ਬਾਅਦ ਸਵਰਨ ਚੰਦਨ ਦਾ ਨਾਂ ਹੀ ਮੈਗਜ਼ੀਨ ਵਿੱਚੋਂ ਕੱਢ ਦਿੱਤਾ ਗਿਆ। ਅੱਜ ਕਿਸੇ ਨੂੰ ਸ਼ਾਇਦ ਪਤਾ ਵੀ ਨਹੀਂ ਹੋਵੇਗਾ ਕਿ 'ਪ੍ਰਵਚਨ' ਸਵਰਨ ਚੰਦਨ ਦਾ ਮੈਗਜ਼ੀਨ ਸੀ। ਇਹਨਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਮੈਗਜ਼ੀਨ ਜਿਵੇਂ ਕਿ 'ਪੂਜਾ', 'ਪੰਜਾਬੀ ਡਾਇਜਿਸਟ', 'ਕੌਮੀ ਰਾਜਨੀਤੀ', 'ਅਮਰ ਕਹਾਣੀਆਂ', 'ਸਿਆੜ', ਵਰਗੇ ਬਹੁਤ ਸਾਰੇ ਮੈਗਜ਼ੀਨ ਸਾਹਿਤਕ ਪਿੜ ਵਿੱਚ ਆਏ ਤੇ ਆਪੋ ਆਪਣਾ ਯੋਗਦਾਨ ਪਾ ਕੇ ਚਲੇ ਗਏ ਪਰ ਉਹਨਾਂ ਦੀ ਕੋਈ ਚਰਚਾ ਨਹੀਂ, ਕੋਈ ਜ਼ਿਕਰ ਨਹੀਂ। ਜਿਹੜੇ ਸਾਹਿਤਕ ਮੈਗਜ਼ੀਨ ਅੱਜ ਅਰੂਜ਼ 'ਤੇ ਨੇ, ਇਹਨਾਂ ਮੈਗਜ਼ੀਨ ਜਾਂ ਇਹਨਾਂ ਦੇ ਸੰਪਾਦਕਾਂ ਦੀ ਹਾਲਤ ਵੀ ਅਜਿਹੀ ਹੋਵੇਗੀ, ਬਹੁਤ ਸੰਭਵ ਹੈ। ਇਹ ਤਾਂ ਕਾਫਲੇ ਦੇ ਬਾਕੀ ਬਚਦੇ ਜੀਆਂ 'ਤੇ ਨਿਰਭਰ ਕਰਦਾ ਹੈ ਕਿ ਪੰਜਾਬੀ ਸਾਹਿਤ ਨੂੰ ਸਿੰਜਣ ਵਾਲੇ ਹੱਥਾਂ ਨੂੰ ਕਿੰਨਾ ਕੁ ਯਾਦ ਰੱਖਣਾ ਹੈ।

ਤਕਨੀਕ ਬਿਨਾਂ ਮੁੱਦਾ ਕੁੱਝ ਵੀ ਨਹੀਂ ਹੁੰਦਾ, ਅਸਲ ਸ਼ੈ ਕਹਾਣੀ ਪਾਣਾ ਏ- ਜ਼ੁਬੈਰ ਅਹਿਮਦ

ਮੁਲਾਕਾਤ: ਖ਼ਾਲਿਦ ਫ਼ਰਹਾਦ ਧਾਰੀਵਾਲ

? ਮੈਂ ਇਸ ਲਈ ਲਿਖਦਾ ਹਾਂ ਕਿ ਮੇਰੇ ਆਲ ਦੁਆਲੇ ਬਹੁਤ ਕੁੱਝ ਅਜਿਹਾ ਹੈ ਜੋ ਸੁਖਾਵਾਂ ਨਹੀਂ। ਆਪਣੀ ਖਿਝ ਨਾਲ ਨਜਿੱਠਣ ਦਾ ਇਹ ਮੇਰਾ ਇੱਕ ਤਰੀਕਾ ਏ। ਇਹ ਦੱਸੋ ਕਿ ਤੁਸੀਂ ਕਿਉਂ ਲਿਖਦੇ ਹੋ।

–ਮੈਂ ਇਸ ਕਾਰਨ ਨਹੀਂ ਲਿਖਦਾ ਜਿਸ ਕਾਰਨ ਤੁਸੀਂ ਲਿਖਦੇ ਓ। ਜੇਮਜ਼ ਜੋਆਇਸ ਨੇ ਕਿਹਾ ਸੀ: "ਮੈਂ ਇਸ ਲਈ ਲਿਖਦਾ ਹਾਂ ਪਈ ਮੈਨੂੰ ਲੋਕਾਂ ਨਾਲ ਪਿਆਰ ਏ। ਮੈਂ ਹਮੇਸ਼ ਡਬਲਿਨ ਬਾਰੇ ਲਿਖਦਾ ਹਾਂ ਕਿਉਂ ਜੇ ਮੈਂ ਡਬਲਿਨ ਦੇ ਦਿਲ ਦੀ ਡੂੰਘ ਤੀਕ ਉੱਪੜ ਸਕਣਾ ਆਂ ਤੇ ਫ਼ਿਰ ਮੈਂ ਜੱਗ ਭਰ ਦੇ ਸ਼ਹਿਰਾਂ ਦੇ ਦਿਲਾਂ ਤੀਕ ਉੱਪੜ ਸਕਣਾ ਵਾਂ। ਉਚੇਚ ਵਿੱਚ ਈ ਕੁਲ ਜੱਗ ਵੀ ਹੁੰਦਾ ਏ।"

ਮੈਂ ਵੀ ਇਸ ਲਈ ਲਿਖਦਾ ਹਾਂ ਕਿ ਮੈਨੂੰ ਆਪਣੇ ਲਾਹੌਰ ਦੇ ਪੁਰਾਣੇ ਮੁਹੱਲੇ ਕ੍ਰਿਸ਼ਨ ਨਗਰ ਨਾਲ ਪਿਆਰ ਏ। ਲੋਕਾਂ ਨਾਲ, ਗਲੀਆਂ ਨਾਲ, ਉਹਦੀਆਂ ਸ਼ਾਮਾਂ–ਸਵੇਰਾਂ, ਮੀਂਹ, ਬੂਹੇ ਤੇ ਬਾਰੀਆਂ ਨਾਲ। ਮੈਂ ਕ੍ਰਿਸ਼ਨ ਨਗਰ 1982 ਵਿੱਚ ਛੱਡ ਦਿੱਤਾ ਸੀ। ਓਥੇ ਮੈਂ ਆਪਣੇ ਜੰਮਣ ਲਾ ਤੋਂ ਰਿਹਾ ਸਾਂ। ਸਾਨੂੰ ਉਹ ਘਰ ਛੱਡਣਾ ਪਿਆ ਸੀ ਕਿਉਂ ਜੇ ਉਹ ਸਾਡਾ ਨਹੀਂ ਸੀ। ਕ੍ਰਿਸ਼ਨ ਨਗਰ ਤੋਂ ਨਿਕਲ ਕੇ ਮੈਂ ਕਈ ਵਰ੍ਹੇ ਨਾ ਪਰਤਿਆ। ਖ਼ੋਰੇ ਪੰਦਰਾਂ–ਵੀਹ ਵਰ੍ਹੇ। ਫ਼ਿਰ ਮੈਂ ਕ੍ਰਿਸ਼ਨ ਨਗਰ ਦੀ ਯਾਦ ਵਿੱਚ ਕਹਾਣੀਆਂ ਲਿਖੀਆਂ। ਸਭ ਤੋਂ ਪਹਿਲੀ ਕਹਾਣੀ 'ਮੀਂਹ, ਬੂਹੇ ਤੇ ਬਾਰੀਆਂ' ਸੀ। ਫ਼ਿਰ ਕਲਬ ਜਾਰੀ ਹੋ ਗਿਆ, ਤੇ ਚੱਲ ਸੋ ਚੱਲ।

ਮੈਨੂੰ ਉਲਾਮੇਂ ਮਿਲਦੇ ਨੇ ਯਾਰ ਕ੍ਰਿਸ਼ਨ ਨਗਰ ਵਿੱਚੋਂ ਨਿਕਲ ਆ। ਪਰ ਕ੍ਰਿਸ਼ਨ ਨਗਰ ਦੀ ਕਹਾਣੀ ਨਿਰੀ ਕ੍ਰਿਸ਼ਨ ਨਗਰ ਦੀ ਕਹਾਣੀ ਨਹੀਂ ਏ। ਇਹ ਲਾਹੌਰ ਦੀ ਵੀ ਕਹਾਣੀ ਏ ਸਗੋਂ ਪੰਜਾਬ ਤੇ ਖ਼ੋਰੇ ਪੂਰੇ ਦੇਸ ਦੀ ਵੀ।

ਗੈਬਰੀਅਲ ਗਾਰਸੀਆ ਮਾਰਕੇਜ਼ ਨੇ ਕਿਹਾ ਸੀ: "ਜੀਵਨ ਵਿੱਚ ਜੋ ਉਚੇਚਾ ਏ ਉਹ ਇਹ ਨਹੀਂ ਕਿ ਤੁਹਾਡੇ ਨਾਲ ਕੀ ਵਾਪਰਦਾ ਏ ਸਗੋਂ ਤੁਸੀਂ ਕੀ ਯਾਦ ਰੱਖਦੇ ਓ ਤੇ ਕਿਵੇਂ ਯਾਦ ਰੱਖਦੇ ਓ।"

? ਤੁਹਾਡੀ ਸਭ ਤੋਂ ਪਹਿਲੀ ਕਹਾਣੀ ਦਾ ਸਿਰਲੇਖ ਤੇ ਮੁੱਦਾ ਕੀ ਸੀ? ਉਹ ਕਦੋਂ ਤੇ ਕਿੱਥੇ ਛਪੀ ਸੀ।

–ਮੇਰੀ ਪਹਿਲੀ ਕਹਾਣੀ ਮਹੀਨਾ ਵਾਰ 'ਮਾਂ ਬੋਲੀ' ਵਿੱਚ ਛਪੀ ਸੀ। ਉਸ ਦਾ ਨਾਂ ਸੀ 'ਮੈਂ ਉਹ ਨਹੀਂ'। ਇਹ 1992 ਦੀ ਗੱਲ ਏ। ਮਾਂ ਬੋਲੀ ਦੇ ਸੋਧੀ ਮਕਸੂਦ ਸਾਕਿਬ ਤੇ ਮੈਨੇਜਿੰਗ ਅਡੀਟਰ ਮੁਨੀਰ ਉਦ–ਦੀਨ ਖ਼ਾਲਿਦ ਸਨ। ਮੁਨੀਰ ਉਦ–ਦੀਨ ਨੂੰ ਹੁਣ ਕੋਈ ਵੀ ਯਾਦ ਨਹੀਂ ਕਰਦਾ ਪਰ ਉਸ ਬੜਾ ਕੰਮ ਕੀਤਾ ਸੀ। ਖ਼ੈਰ ਮੇਰੀ ਉਦੋਂ ਸਾਕਿਬ ਸਾਹਿਬ ਨਾਲ ਬੜੀ ਯਾਰੀ ਸੀ ਤੇ ਅਸੀਂ ਮਿਲਦੇ ਰਹਿਣੇ ਸਾਂ ਪਰ ਇਸ ਅੱਲਾ ਦੇ ਬੰਦੇ ਨੇ ਇਕ ਵਰ੍ਹੇ ਤੀਕ ਮੇਰੀ ਕਹਾਣੀ ਨਾ ਛਾਪੀ। ਅੰਦਰੋਂ ਅੰਦਰੀਂ ਮੈਂ ਇੱਕ ਵਰ੍ਹਾ ਸੂਲੀ ਉੱਤੇ ਟੰਗਿਆ ਰਿਹਾ ਪਰ ਮੈਂ